**ਜਨਤਕ ਸੁਣਵਾਈ ਦੀ ਕਾਰਵਾਈ ਰਿਪੋਰਟ – ਜਿਲ੍ਹਾ ਮਾਈਨਿੰਗ ਅਫਸਰ ਵੱਲੋਂ ਪਿੰਡ ਮੰਧਾਲਾ ਅਤੇ ਮਾਹਦੀਪੁਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਪਿੰਡ ਧੁੱਲੇਵਾਲ, ਤਹਿਸੀਲ ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ ਦੀ ਰੈਵੀਨਿਊ ਐਸਟੇਟ ਵਿੱਚੋ ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮਾਈਨਿੰਗ ਕਰਨ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 09.04.2024 ਦੀ ਕਾਰਵਾਈ ।**

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਡਾ. ਅਕਸਿਤਾ ਗੁਪਤਾ, ਆਈ.ਏ.ਐਸ.
   ਉਪ ਮੰਡਲ, ਨਵਾਂਸ਼ਹਿਰ।

2. ਇੰਜ: ਸ਼ਿਵ ਕੁਮਾਰ
   ਵਧੀਕ ਸੀਨੀਅਰ ਵਾਤਾਵਰਣ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫ਼ਤਰ, ਹੁਸ਼ਿਆਰਪੁਰ।

3. ਇੰਜ: ਭਾਵੁਕ ਸ਼ਰਮਾ,
   ਜ਼ਿਲ੍ਹਾ ਮਾਈਨਿੰਗ ਅਫਸਰ,
   ਡਰੇਨੇਜ ਡਵੀਜ਼ਨ, ਨਵਾਂਸ਼ਹਿਰ।

4. ਇੰਜ: ਜਤਿੰਦਰ ਕੁਮਾਰ,
   ਸਹਾਇਕ ਵਾਤਾਵਰਣ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫ਼ਤਰ, ਹੁਸ਼ਿਆਰਪੁਰ।

5. ਇੰਜ: ਲਵਪ੍ਰੀਤ ਸਿੰਘ,
   ਜੂਨੀਅਰ ਇੰਜੀਨੀਅਰ
   ਡਰੇਨੇਜ ਡਵੀਜ਼ਨ, ਨਵਾਂਸ਼ਹਿਰ।

ਜਨਤਕ ਸੁਣਵਾਈ ਦੌਰਾਨ, ਸਭ ਤੋਂ ਪਹਿਲਾਂ ਸਹਾਇਕ ਸੀਨੀਅਰ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਖੇਤਰੀ ਦਫਤਰ, ਹੁਸ਼ਿਆਰਪੁਰ ਨੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ । ਉਹਨਾਂ ਨੇ ਦੱਸਿਆ ਕਿ ਜ਼ਿਲ੍ਹਾ ਮਾਈਨਿੰਗ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ ਵੱਲੋ 8.7 ਹੈਕਟੇਅਰ ਜਮੀਨ ਜੋ ਕਿ ਪਿੰਡ ਮੰਧਾਲਾ ਅਤੇ ਮਾਹਦੀਪੁਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਰੈਵੀਨਿਊ ਐਸਟੇਟ ਵਿੱਚੋ 70191 TPA ਅਤੇ 3 ਸਾਲ ਦਾ ਕੁੱਲ ਏਰੀਆ 210573 ਟਨ ਮਾਇੰਨਿੰਗ ਕਰਨ ਦੀ ਤਜਵੀਜ਼ ਹੈ ਅਤੇ 4.96 ਹੈਕਟੇਅਰ ਜਮੀਨ ਜੋ ਕਿ ਪਿੰਡ ਧੁੱਲੇਵਾਲ, ਤਹਿਸਹੀਲ ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ ਦੀ ਰੈਵੀਨਿਊ ਐਸਟੇਟ ਵਿੱਚੋ 26664 TPA ਅਤੇ 3 ਸਾਲ ਦਾ ਕੁੱਲ ਏਰੀਆ 79992 ਟਨ ਮਾਇੰਨਿੰਗ ਕਰਨ ਦੀ ਤਜਵੀਜ਼ ਦੀ ਅਰਜ਼ੀ ਵਿਚਾਰਣ ਉਪਰੰਤ, ਵਾਤਾਵਰਣ ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਵਲੋਂ ਨਿਰਧਾਰਿਤ ਤੇ ਵਿਧੀ ਮੁਤਾਬਿਕ ਸਟੇਟ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਨੇ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ ਕਰਨ ਲਈ ਕੰਪਨੀ ਨੂੰ "ਟਰਮਜ਼ ਆਫ ਰੈਫਰੇਂਸ" ਜਾਰੀ ਕੀਤੇ ਸਨ। ਹੁਣ, ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ । ਉਹਨਾਂ ਨੇ ਹਾਜਰ ਜਨਤਾ ਨੂੰ ਕੰਪਨੀ ਵਲੋਂ ਉਪਰੋਕਤ ਮਾਇਨਿੰਗ ਕਰਨ ਲਈ ਉਪਰੋਕਤ ਦਰਸਾਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜੀ ਤੇ ਫੈਸਲਾ ਲੈਣ ਤੋਂ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਵਿਸਥਾਰਪੂਰਵਕ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਕੰਪਨੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਸਾਰ (ਪੰਜਾਬੀ ਅਤੇ ਅੰਗਰੇਜੀ) ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ

ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਚੇਅਰਮੈਨ, ਜਿਲਾ ਪ੍ਰੀਸ਼ਦ, ਸ਼ਹੀਦ ਭਗਤ ਸਿੰਘ ਨਗਰ; ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ; ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਂਟਰ, ਸ਼ਹੀਦ ਭਗਤ ਸਿੰਘ ਨਗਰ; ਕਾਰਜਕਾਰੀ ਇੰਜੀਨੀਅਰ-ਕਮ-ਜਿਲਾ ਮਾਈਨਿੰਗ ਅਫਸਰ, ਸ਼ਹੀਦ ਭਗਤ ਸਿੰਘ ਨਗਰ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫਤਰ, ਹੁਸ਼ਿਆਰਪੁਰ ਦੇ ਦਫਤਰਾਂ ਵਿੱਚ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੀ ਵੈਬਸਾਈਟ ਉਪਰ ਵੀ ਅਪਲੋਡ ਵੀ ਕੀਤੀ ਗਈ ਸੀ, ਤਾਂ ਜੋ ਉੱਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਅੱਗੇ ਦੱਸਿਆ ਕਿ ਇਸ ਜਨਤਕ ਸੁਣਵਾਈ ਦਾ ਪਬਲਿਕ ਨੋਟਿਸ ਦੋ ਅਖਬਾਰਾਂ ਭਾਵ 'ਦਾ ਇੰਡੀਅਨ ਐਕਸਪ੍ਰੈਸ (ਅੰਗਰੇਜੀ) ਅਤੇ ਪੰਜਾਬੀ ਟ੍ਰਿਬੀਊਨ(ਪੰਜਾਬੀ) ਮਿਤੀ 07/03/2024 ਨੂੰ ਪ੍ਰਕਾਸ਼ਤ ਕੀਤਾ ਗਿਆ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਸਾਰ ਕਿਹੜੇ-ਕਿਹੜੇ ਦਫਤਰਾਂ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਸਾਰੇ ਸੰਬੰਧਤ ਨੂੰ ਇਸ ਦੁਆਰਾ ਸੂਚਿਤ ਕੀਤਾ ਗਿਆ ਸੀ ਕਿ ਉਹ ਪ੍ਰਸਤਾਵਿਤ ਪ੍ਰੋਜੈਕਟ ਤੇ ਲਿਖਿਤ/ਈਮੇਲ/ਨਿੱਜੀ ਤੌਰ ਤੇ ਸੁਝਾਅ, ਵਿਚਾਰ, ਟਿੱਪਣੀਆਂ ਅਤੇ ਇਤਰਾਜ਼ ਜੇਕਰ ਹੋਣ, ਮੈਂਬਰ ਸਕੱਤਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ ਕੋਲ ਨੋਟਿਸ ਦੀ ਪ੍ਰਕਾਸ਼ਨਾ ਦੇ 30 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰਨ ਬਾਰੇ ਵੀ ਕਿਹਾ ਗਿਆ ਸੀ। ਜਨਤਕ ਸੁਣਵਾਈ ਤੋਂ ਇੱਕ ਦਿਨ ਪਹਿਲਾਂ ਮਾਈਨਿੰਗ ਵਾਲੀ ਜਗ੍ਹਾ ਦੇ ਆਸ ਪਾਸ ਦੇ ਪਿੰਡਾਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਮਾਇਨਿੰਗ ਵਿਭਾਗ ਦੇ ਅਧਿਕਾਰੀਆਂ ਵੱਲੋਂ ਪ੍ਰਚਾਰ ਕੀਤਾ ਗਿਆ ਅਤੇ ਪ੍ਰੋਜੈਕਟ ਦੇ ਵੇਰਵੇ, ਜਨਤਕ ਸੁਣਵਾਈ ਦਾ ਸਮਾਂ ਅਤੇ ਸਥਾਨ ਦੇ ਬੈਨਰ ਲਗਾਏ ਗਏ। ਇਸ ਤੋਂ ਇਲਾਵਾ ਆਲੇ ਦੁਆਲੇ ਦੇ ਪਿੰਡਾਂ ਮੰਧਾਲਾ, ਮਹਦੀਪੁਰ, ਧੁਲੇਵਾਲ, ਮਿਲਕਵਾਲ, ਸ਼ੇਰੀਆਂ ਅਤੇ ਮੰਡ ਝੜੌਰੀ ਦੇ ਸਰਪੰਚ/ ਲੰਬੜਦਾਰ ਨਾਲ ਸੰਪਰਕ ਕੀਤਾ ਗਿਆ ਅਤੇ ਉਨਾ ਨੂੰ ਜਨਤਕ ਸੁਣਵਾਈ ਦੇ ਪ੍ਰੋਜੈਕਟ, ਸਮੇਂ ਅਤੇ ਸਥਾਨ ਵਾਰੇ ਜਾਗਰੂਕ ਕਰਵਾਇਆ ਗਿਆ ਅਤੇ ਪਿੰਡਾਂ ਵਿੱਚ ਜਨਤਕ ਸੁਣਵਾਈ ਦੇ ਪ੍ਰੋਜੈਕਟ, ਸਮਾਂ ਅਤੇ ਸਥਾਨ ਬਾਰੇ ਨੇੜਲੇ ਗੁਰਦੁਆਰਿਆਂ ਅਤੇ ਆਟੋ ਰਿਕਸ਼ਾ ਰਾਹੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਥੇ ਇਹ ਦੱਸਣਯੋਗ ਹੈ ਕਿ ਪਿੰਡ ਧੁਲੇਵਾਲ ਤਹਿਸੀਲ ਮਾਛੀਵਾੜਾ, ਜਿਲ੍ਹਾ ਲੁਧਿਆਣਾ ਵਿੱਚ ਪੈਦਾ ਹੈ। ਇਸ ਉਪਰੰਤ ਉਹਨਾਂ ਕੰਪਨੀ ਦੇ ਨੁਮਾਇੰਦੇ ਜੋ ਕਿ ਕੰਪਨੀ ਦੇ ਵਾਤਾਵਰਣ ਸਲਾਹਕਾਰ ਵੀ ਹਨ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਦੇ ਖਰੜੇ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਜਨਤਾ ਨੂੰ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਵਿਸਥਾਰਪੂਰਵਕ ਦੱਸਿਆ ਕਿ ਤਜਵੀਜਤ ਮਾਈਨਿੰਗ ਪ੍ਰੋਜੈਕਟ 8.7 ਹੈਕਟੇਅਰ ਜਮੀਨ ਜੋ ਕਿ ਪਿੰਡ ਮੰਧਾਲਾ ਅਤੇ ਮਾਹਦੀਪੁਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਰੈਵੀਨਿਊ ਐਸਟੇਟ ਵਿੱਚੋ 70191 TPA ਅਤੇ 3 ਸਾਲ ਦਾ ਕੁੱਲ ਏਰੀਆ 210573 ਟਨ ਮਾਇੰਨਿੰਗ ਕਰਨ ਦੀ ਤਜਵੀਜ਼ ਹੈ ਅਤੇ 4.96 ਹੈਕਟੇਅਰ ਜਮੀਨ ਜੋ ਕਿ ਪਿੰਡ ਧੁੱਲੇਵਾਲ, ਤਹਿਸਹੀਲ ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ ਦੀ ਰੈਵੀਨਿਯੂ ਐਸਟੇਟ ਵਿੱਚੋ 26664 TPA ਅਤੇ 3 ਸਾਲ ਦਾ ਕੁੱਲ ਏਰੀਆ 79992 ਟਨ ਦੇ ਹਿਸਾਬ ਨਾਲ ਮਾਈਨਿੰਗ ਕਰਨ ਦੀ ਆਗਿਆ ਮਿਲੀ ਹੋਈ ਹੈ। ਸਤਲੁਜ ਦਰਿਆ ਵਿੱਚ ਪੈਂਦੇ ਪਿੰਡ ਮੰਧਾਲਾ ਅਤੇ ਮਹਦੀਪੁਰ ਦੇ ਖਸਰਾ ਨੰ: 30,31-33, 32 ਰੇਤਾ ਲਈ ਪ੍ਰੋਜੈਕਟ ਦੀ ਅਨੁਮਾਨਤ ਲਾਗਤ 2,94,80,220/- ਅਤੇ ਪਿੰਡ ਧੁਲੇਵਾਲ, ਤਹਿਸੀਲ ਮਾਛੀਵਾੜਾ, ਜ਼ਿਲ੍ਹਾ ਲੁਧਿਆਣਾ ਲਈ ਪ੍ਰੋਜੈਕਟ ਦੀ ਅਨੁਮਾਨ ਲਾਗਤ 1,11,98,880/- ਲੱਖ ਰੁਪਏ ਹੈ। ਮਾਈਨ ਅਤੇ ਜਿਓਲੋਜੀ ਵਿਭਾਗ ਪੰਜਾਬ ਨੇ 3 ਸਾਲਾਂ ਲਈ ਮਾਈਨਿੰਗ ਕਰਨ ਲਈ ਪੱਤਰ ਜਾਰੀ ਕਰ ਦਿੱਤਾ ਹੈ। ਮਾਈਨਿੰਗ ਸਾਈਟ ਦਾ ਸਭ ਤੋਂ ਨੇੜਲਾ ਸਹਿਰ ਰਾਹੋ ਹੈ। ਤਜਵੀਜਤ ਪ੍ਰੋਜੈਕਟ ਦੀ ਈ.ਆਈ.ਏ ਸਟੱਡੀ ਅਪ੍ਰੈਲ 2023 ਅਤੇ ਜੂਨ, 2023 ਦੋਰਾਨ ਕੀਤੀ ਸੀ। ਪ੍ਰੋਜੈਕਟ ਸਾਈਟ ਤੇ 3.98 ਕਿਲੋਲੀਟਰ ਪ੍ਰਤੀ

ਦਿਨ ਦੋਨੋ ਸਾਈਟਾਂ ਲਈ ਦੇ ਹਿਸਾਬ ਨਾਲ ਪਾਣੀ ਦੀ ਜਰੂਰਤ ਪਵੇਗੀ (ਅਰਥਾਤ ਧੂੜ ਨੂੰ ਰੋਕਣ ਲਈ, ਪੀਣ ਲਈ ਅਤੇ ਪੋਦਿਆਂ ਦੀ ਸਿੰਚਾਈ ਲਈ)। ਕੁਲ (23+12) 35 ਮਨੁੱਖ ਸਕਤੀ ਦੀ ਜਰੂਰਤ ਹੋਵੇਗੀ। ਮਾਇਨਿੰਗ ਦਾ ਪ੍ਰਸਤਾਵ ਓਪਨਕਾਸਟ ਅਰਧ-ਮਕੈਨਾਈਜ਼ਡ ਵਿਧੀ ਦੁਆਰਾ ਬਿਨਾਂ ਡ੍ਰਿਲਿੰਗ ਅਤੇ ਬਲਾਸਟਿੰਗ ਦੇ ਕੀਤਾ ਜਾਂਦਾ ਹੈ। ਰੇਤ ਦੀ ਖੁਦਾਈ 1 ਮੀਟਰ ਮੋਟਾਈ ਦੇ ਟੁਕੜਿਆਂ ਵਿੱਚ 3.00 ਮੀਟਰ ਦੀ ਡੂੰਘਾਈ ਤੱਕ ਕੀਤੀ ਜਾਵੇਗੀ (ਡੀ.ਐਸ.ਆਰ. ਰਿਪੋਰਟ ਅਨਸਾਰ)। ਪਰਤ ਦੇ ਟੁਕੜਿਆਂ ਦੀ ਉਚਾਈ 45 ਡਿਗਰੀ ਦੇ ਚਿਹਰੇ ਦੀ ਢਲਾਣ ਦੇ ਨਾਲ 1 ਮੀਟਰ ਰੱਖੀ ਜਾਵੇਗੀ। 7.5 ਮੀਟਰ ਬੈਰੀਅਰ ਜੋਨ ਲੀਜ ਦੀ ਸੀਮਾ ਦੇ ਨਾਲ ਪ੍ਰਦਾਨ ਕੀਤਾ ਜੋਵਗਾ ਜਿਵੇਂ ਕਿ MMR 1961 ਦੇ ਤਹਿਤ ਦੱਸਿਆ ਗਿਆ ਹੈ। ਨਦੀ ਦੀ 3 ਮੀਟਰ ਜਾਂ 10 ਪ੍ਰਤੀਸ਼ਤ ਚੌੜਾਈ ਦੀ ਦੂਰੀ, ਜੋ ਵੀ ਵੱਧ ਹੋਵੇ, ਨੌ ਮਾਈਨਿੰਗ ਜੋਨ ਵੱਲੋ ਬਰਕਰਾਰ ਰੱਖਿਆ ਜਾਵੇ। ਲਗਭਗ 6.04 ਹੈਕਟੇਅਰ ਮੰਧਾਲਾ ਅਤੇ ਮਹਾਦੀਪੁਰ, 3.83 ਧੁੱਲੇਵਾਲ ਖੇਤਰ ਗੈਰ-ਖਣਨਯੋਗ ਜੋਨ ਵਿੱਚ ਆਉਦਾ ਹੈ ਕਿਉਂਕਿ ਇਹ ਖੇਤਰ ਸਥਾਈ ਢਾਂਚੇ (ਘੇਰੇ) ਦੇ 50 ਮੀਟਰ ਵਿੱਚ ਆਉਂਦਾ ਹੈ। ਯੋਜਨਾਬੱਧ ਸਲਾਨਾ ਉਤਪਾਦਨ ਦਾ ਅਧਿਕਤਮ ਪੱਧਰ 70191 TPA ਪਿੰਡ ਮੰਧਾਲਾ ਅਤੇ ਮਹਦੀਪੁਰ ਕਲਾਂ ਅਤੇ 26664 ਪਿੰਡ ਧੁਲੇਵਾਲ TPA ਹੈ। ਮਾਈਨਿੰਗ ਸਿਰਫ਼ ਗਰਮੀਆਂ ਵਿੱਚ ਹੀ ਕੀਤੀ ਜਾਵੇਗੀ ਭਾਵ 1 ਅਪ੍ਰੈਲ ਤੋ 30 ਜੂਨ ਸਵੇਰੇ 6:00 ਵਜੇ ਤੋਂ ਸ਼ਾਮ 7:00 ਵਜੇ ਤੱਕ ਅਤੇ ਸਰਦੀਆਂ ਵਿੱਚ 1 ਅਕਤੂਬਰ ਤੋ 31 ਮਾਰਚ ਨੂੰ ਸਵੇਰੇ 7:00 ਤੋ ਸ਼ਾਮ 5:00 ਵਜੇ ਤੱਕ। ਇੱਕ ਸਾਲ ਵਿੱਚ ਲਗਭਗ 270 ਦਿਨਾਂ ਦੀ ਮਿਆਦ ਲਈ ਖਣਿਜ ਨਿਕਾਸੀ ਕੀਤੀ ਜਾਵੇਗੀ। ਪਾਣੀ ਦੀ ਸਤਾਹ 4 ਮੀਟਰ ਤੋਂ ਵੱਧ ਹੈ। ਪਾਣੀ ਦਾ ਛਿੜਕਾਅ ਲੋਡਿੰਗ ਪੁਆਇੰਟ/ਸੜਕਾਂ ਆਦਿ ਤੇ ਧੂੜ ਨੂੰ ਰੋਕਣ ਲਈ ਕੀਤਾ ਜਾਵੇਗਾ ਅਤੇ ਮਾਲ ਨਾਲ ਭਰੇ ਵਹੀਕਲ ਨੂੰ ਤ੍ਰਿਪਾਲ ਨਾਲ ਕਵਰ ਕੀਤਾ ਜਾਵੇਗਾ ਅਤੇ ਓਵਰਲੋਡਿੰਗ ਨੂੰ ਰੋਕਿਆ ਜਾਵੇਗਾ। ਇਹ ਸੁਨਿਸਚਤ ਕੀਤਾ ਜਾਵੇਗਾ ਕਿ ਸਾਰੇ ਟਰਾਂਸਪੋਰਟ ਵਾਹਨਾਂ ਕੋਲ ਵੈਲਿਡ ਪੀ.ਯੂ.ਸੀ. ਸਰਟੀਫਿਕੇਟ ਹੋਵੇ। ਹਰ ਸਾਲ ਨੇੜਲੇ ਸਕੂਲਾਂ, ਗ੍ਰਾਮ ਪੰਚਾਇਤਾਂ ਅਤੇ ਹਸਪਤਾਲਾਂ ਵਿੱਚ ਪ੍ਰਤੀ ਹੈਕਟੇਅਰ 50 ਬੂਟੇ ਲਗਾਏ ਜਾਣਗੇ। ਵਾਹਨਾਂ ਦੀ ਆਵਾਜਾਈ ਅਤੇ ਲੋਡਿੰਗ ਆਦਿ ਕਾਰਨ ਧੂੜ ਪੈਦਾ ਕਰਨ ਦੇ ਪਰਿਭਾਵਾਂ ਦਾ ਮੁਲਾਂਕਣ ਕਰਨ ਲਈ ਛਿਮਾਹੀ ਨਿਗਰਾਨੀ ਕੀਤੀ ਜਾਵੇਗੀ ਅਤੇ ਪ੍ਰਦੂਸ਼ਣ ਨੂੰ ਘਟਾਉਣ ਦੇ ਯਤਨ ਕੀਤੇ ਜਾਣਗੇ। ਸਤਾਹ ਦੇ ਪਾਣੀ ਦੀ ਗੁਣਵਤਾ ਪ੍ਰਭਾਵਿਤ ਨਹੀਂ ਹੋਵੇਗੀ ਕਿਉਂਕਿ ਨਦੀ ਦੇ ਕਿਨਾਰੇ ਖਣਨ ਕੀਤਾ ਜਾਵੇਗਾ। ਮਾਨਸੂਨ ਸੀਜਨ ਵਿੱਚ ਮਾਈਨਿੰਗ ਨਹੀਂ ਕੀਤੀ ਜਾਵੇਗੀ। ਮਾਈਨਿੰਗ ਪ੍ਰੋਸੈਸ ਵਿੱਚੋ ਕਿਸੇ ਵੀ ਤਰਾਂ ਦਾ ਟਰੇਡ ਐਫੂਲੈਆਊਟ ਨਹੀਂ ਨਿਕਲੇਗਾ ਅਤੇ ਸਿਰਫ ਟੁਆਇਲਟਸ ਤੋਂ ਹੀ ਗੰਦਾ ਪਾਣੀ ਨਿਕਲੇਗਾ ਜਿਸ ਦੀ ਸਾਇੰਟਫਿਕ ਤਰੀਕੇ ਨਾਲ ਡਿਸਪੋਜਲ ਦੀ ਵਿਵਸਥਾ ਕੀਤੀ ਹੈ। ਆਵਾਜਾਈ ਟਰਾਂਸਪੋਰਟ ਵਾਹਨਾਂ ਨੂੰ ਗਰੀਸ ਅਤੇ ਮੋਬਾਇਲ ਆਇਲਿੰਗ ਨਿਯਮਤ ਅੰਤਰਾਲੇ ਤੇ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਲਈ ਕੀਤੀ ਜਾਵੇਗੀ। ਸਾਰੇ ਸੰਚਾਲਕਾਂ ਅਤੇ ਕ੍ਰਮਚਾਰੀਆਂ ਨੂੰ ਸੁਰੱਖਿਅਤ ਉਪਕਰਨ ਪ੍ਰਦਾਨ ਕੀਤੇ ਜਾਣਗੇ। ਸ਼ੋਰ ਦੇ ਪੱਧਰ ਨੂੰ ਘਟਾਉਣ ਲਈ ਕੱਚੀਆਂ ਸੜਕਾਂ ਦੇ ਨਾਲ ਗਰੀਨ ਬੈਲਟ ਵਿਕਸਿਤ ਕੀਤੀ ਜਾਵੇਗੀ। ਸ਼ੋਰ ਦੀ ਨਿਗਰਾਨੀ ਸਮੇਂ ਸਮੇ ਤੇ ਕੀਤੀ ਜਾਵੇਗੀ। ਮਾਈਨਿੰਗ 6.04 ਹੈਕਟੇਅਰ ਮੰਧਾਲਾ ਅਤੇ ਮਹਾਦੀਪੁਰ, 3.83 ਧੁੱਲੇਵਾਲ ਹੈਕਟੇਅਰ ਏਰੀਏ ਵਿੱਚ ਕੀਤੀ ਜਾਵੇਗੀ ਅਤੇ ਬਾਕੀ ਦਾ 2.03 ਹੈਕਟੇਅਰ ਮੰਧਾਲਾ ਅਤੇ ਮਹਾਦੀਪੁਰ, 1.13 ਧੁੱਲੇਵਾਲ ਹੈਕਟੇਅਰ ਏਰੀਆ ਪ੍ਰੋਟੈਕਸ਼ਨ ਜ਼ੋਨ ਦੇ ਰੂਪ ਵਿੱਚ ਰੱਖਿਆ ਜਾਵੇਗਾ। ਮੈਨੇਜਮੈਂਟ ਐਕਟ ਅਧੀਨ ਬਣਾਏ ਗਏ ਜਰੂਰੀ ਨਿਯਮਾਂ ਦੀ ਪਾਲਣਾ ਕੀਤੀ ਜਾਵੇਗੀ।

ਇਸ ਤੋ ਪਿੱਛੋ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਹੁਸ਼ਿਆਰਪੁਰ ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸ਼ਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਆਪਣੇ ਸੁਝਾਓ ਜਾਂ ਇਤਰਾਜ਼ ਦੇ ਸਕਦੇ ਹਨ। ਇਹ

ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਹਨ ਜਾਂ ਇਤਰਾਜ਼, ਜੇਕਰ ਹੋਵੇ ਤਾਂ ਦੇ ਸਕਦੇ ਹਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1. | ਸ੍ਰੀ ਦਲਵੀਰ ਸਿੰਘ, ਸਰਪੰਚ ਪਿੰਡ ਧੁਲੇਵਾਲ | ਇਸ ਮਾਇਨਿੰਗ ਪ੍ਰੋਜੈਕਟ ਸਬੰਧੀ 6-7 ਮਹੀਨੇ ਪਹਿਲਾਂ ਵੀ ਆਇਆ ਸੀ। ਜਿਸ ਸਬੰਧੀ ਸਾਡੇ ਵੱਲੋਂ ਡਿਪਟੀ ਕਮਿਸ਼ਨਰ, ਲੁਧਿਆਣਾ, ਉਪ ਮੰਡਲ ਮੈਜਿਸਟਰੇਟ, ਮਾਇਨਿੰਗ ਦਫ਼ਤਰ ਲੁਧਿਆਣਾ ਵਿਖੇ ਸ਼ਿਕਾਇਤ ਕੀਤੀ ਸੀ, ਜਿਸ ਕਾਰਨ ਇਹ ਮਾਇਨਿੰਗ ਬੰਦ ਕਰ ਦਿੱਤੀ ਗਈ ਸੀ। ਜੇ ਇਹ ਮਾਇਨਿੰਗ ਹੁੰਦੀ ਹੈ ਤਾਂ ਇਸ ਨਾਲ ਸਾਡੇ ਖੇਤੀ ਯੋਗ ਖੇਤ ਖਰਾਬ ਹੋ ਜਾਣਗੇ। ਅਸੀਂ ਇਹ ਧੁੱਲੇਵਾਲ ਦਾ ਮਾਇਨਿੰਗ ਪ੍ਰੋਜੈਕਟ ਨਹੀਂ ਚਲੱਣ ਦੇਵਾਂਗੇ। | ਮਾਇਨਿੰਗ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਇਹ ਮਾਇਨਿੰਗ ਪਿੰਡ ਦੀ ਜਮੀਨ ਤੋਂ ਦੂਰ ਦਰਿਆ ਦੇ ਸੈਂਟਰ ਦੇ ਨਾਲ ਕੰਢਿਆਂ ਵਿੱਚ ਕੀਤੀ ਜਾਵੇਗੀ ਅਤੇ ਇਸ ਨਾਲ ਖੇਤਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ, ਅਤੇ ਪਾਣੀ ਦੇ ਵਹਾਅ ਨੂੰ ਰੋਕਣ ਲਈ ਬਫਰ ਜ਼ੋਨ ਵੀ ਬਣਾਇਆ ਜਾਵੇਗਾ, ਜਿਸ ਨਾਲ ਨੁਕਸਾਨ ਨਹੀਂ ਹੋਵੇਗਾ। |
| 2. | ਸ੍ਰੀ ਕਰਨੈਲ ਸਿੰਘ, ਸਾਬਕਾ ਸਰਪੰਚ, ਪਿੰਡ ਮੰਡ ਝਰੇੜੀ | ਜੋ ਸਰਪੰਚ ਸਾਹਿਬ ਵੱਲੋਂ ਕਿਹਾ ਗਿਆ ਹੈ ਅਸੀਂ ਉਸ ਨਾਲ ਸਹਿਮਤ ਹਾਂ ਉਹੀ ਸਾਡਾ ਸਵਾਲ ਹੈ ਅਤੇ ਸਾਡੇ ਬੱਚੇ ਜਦੋਂ ਸਵੇਰ ਨੂੰ ਸਕੂਲ ਜਾਂਦੇ ਹਨ ਤਾਂ ਟਿੱਪਰਾਂ ਵਾਲੇ ਸਾਈਡ ਨਹੀਂ ਦਿੰਦੇ। ਜ਼ਦੋਂ ਹੜ੍ਹ ਆਉਂਦੇ ਹਨ ਤੇ ਜਿੱਥੇ ਜਨਤਕ ਸੁਣਵਾਈ ਹੋ ਰਹੀ ਹੈ, ਇਸ ਜਗ੍ਹਾ ਤੇ ਵੀ 7-8 ਫੁੱਟ ਆ ਜਾਂਦਾ ਹੈ। ਜਿਸ ਨਾਲ ਸਾਡਾ ਪਿੰਡ ਤੋਂ ਸ਼ਹਿਰ ਨਾਲ ਸੰਪਰਕ ਟੁੱਟ ਜਾਂਦਾ ਹੈ। ਇਸ ਲਈ ਅਸੀਂ ਇਹ ਮਾਇਨਿੰਗ ਸਾਈਟ ਨਹੀਂ ਚੱਲਣ ਦੇਵਾਂਗੇ। | ਮਾਇਨਿੰਗ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਜ਼ੋ ਤੁਸੀਂ ਪਿਛਲੇ ਹੜ੍ਹ ਦੇ ਗੱਲ ਕਰਦੇ ਹੋ, ਉਹ ਇੱਕਲਾ ਇਸ ਏਰੀਏ ਵਿੱਚ ਨਹੀਂ ਆਇਆ ਸੀ। ਇਸ ਵਿੱਚ ਕਾਰਨ ਇਹ ਵੀ ਸੀ ਕਿ ਜ਼ੋ ਦਰਿਆ ਨੂੰ ਰਸਤਾ ਚਾਹੀਦਾ ਸੀ, ਉਹ ਰਾਸਤਾ ਸਾਫ਼ ਨਹੀਂ ਸੀ। ਪਿੰਡ ਧੁੱਲੇਵਾਲ ਪ੍ਰੋਜੈਕਟ ਵਿੱਚ ਪਿੰਡ ਦੇ ਲੋਕਾਂ ਨੂੰ ਹੀ ਕੰਮ ਮਿਲਣਾ ਹੈ। ਮੰਧਾਲਾ ਅਤੇ ਮਹਾਦੀਪੁਰ ਵਿੱਚ ਠੇਕੇਦਾਰ ਦੁਆਰਾ ਕੰਮ ਕੀਤਾ ਜਾਵੇਗਾ। ਅਸੀਂ ਤੁਹਾਡਾ ਇਹ ਪੁਆਇੰਟ ਨੋਟ ਕਰ ਲਿਆ ਹੈ। |
| 3. | ਸ੍ਰੀ ਮਹਿੰਦਰ ਸਿੰਘ, ਪਿੰਡ ਈਸਾਪੁਰ | ਪਿੱਛਲੇ ਸਮੇਂ ਜੋ ਹੜ੍ਹ ਆਇਆ ਸੀ, ਉਸ ਨਾਲ ਸਾਡੇ ਪਿੰਡ ਦੀਆਂ ਸਾਰੀਆਂ ਸੜਕਾਂ ਟੁੱਟ ਗਈਆਂ ਸੀ ਅਤੇ ਉਹ ਅਸੀਂ ਆਪ ਬਣਾਇਆ ਸੀ, ਸਰਕਾਰ ਨੇ ਇਸ ਵਿੱਚ ਸਾਡੀ ਕੋਈ ਮਦਦ ਨਹੀਂ ਕੀਤੀ। ਹੜ੍ਹ ਨਾਲ ਸਾਡੇ ਬੱਚੇ 2 ਮਹੀਨੇ ਸਕੂਲ | ਮਾਇਨਿੰਗ ਅਫ਼ਸਰ ਵੱਲੋਂ ਸ਼ਿਕਾਇਤ ਕਰਤਾ ਦੀ ਸ਼ਿਕਾਇਤ ਨਿਵਾਰਣ ਵਾਸਤੇ ਨੋਟ ਕੀਤਾ ਗਿਆ। |

| | | | |
|---|---|---|---|
| | | ਨਹੀਂ ਗਏ। ਹੁਣ ਫਿਰ ਬਰਸਾਤ ਆਉਣ ਵਾਲੀ ਹੈ। ਇਸ ਲਈ ਕ੍ਰਿਪਾ ਕਰਕੇ ਇੱਥੇ ਮਾਈਨਿੰਗ ਨਾ ਕੀਤੀ ਜਾਵੇ ਜੀ। | |
| 4. | ਸ੍ਰੀ ਦੇਸ ਰਾਜ, ਪਿੰਡ ਮਹਾਦੀਪੁਰ | ਜੋ ਪਹਿਲਾਂ ਗੱਲਾ ਹੋਈਆਂ ਮੈਂ ਉਸ ਨਾਲ ਮੈਂ ਸਹਿਮਤ ਹਾਂ। ਜੇ ਹੁਣ ਮਾਇਨਿੰਗ ਹੋਈ ਤਾਂ ਉਸ ਨਾਲ ਮੁਸ਼ਕਲਾਂ ਆਉਣਗੀਆਂ। ਜੋ ਸਾਲ 1994 ਵਿੱਚ ਰਿੰਗ ਬੰਧ ਲਗਿਆ ਹੈ, ਸਾਡੀਆਂ ਮਾਲਕੀ ਜਮੀਨਾਂ ਦੇ 2 ਕਿੱਲੇ ਅੰਦਰ ਹੈ। ਜੇ ਤੁਹਾਨੂੰ ਲਗਦਾ ਮਾਇਨਿੰਗ ਕਰਕੇ ਦਰਿਆ ਦਾ ਰਸਤਾ ਬਣ ਜਾਵੇਗਾ ਅਤੇ ਪਿੰਡ ਮੰਧਾਲਾ, ਮਹਾਦੀਪੁਰ ਸੁਰੱਖਿਅਤ ਹੈ ਤਾਂ ਰੇਤਾ ਚੁੱਕਣੀ ਚਾਹੀਦੀ ਹੈ। ਪਿੰਡ ਧੁੱਲੇਵਾਲ ਵਾਲੇ ਕਹਿੰਦੇ ਹਨ ਕਿ ਦਰਿਆ ਸਾਡੇ ਤੋਂ 300 ਫੁੱਟ ਦੂਰ ਚਲਦਾ ਹੈ, ਪਰ ਸਾਡੇ ਪਿੰਡ ਆ ਕੇ ਦੇਖੋ ਦਰਿਆ ਸਾਡੇ ਮਾਲਕੀ ਜਮੀਨਾਂ ਦੇ ਅੰਦਰ ਵਗਦਾ ਹੈ। ਮੈਂ ਬਿਲਕੁਲ ਇਸ ਗੱਲ ਨਾਲ ਸਹਿਮਤ ਹਾਂ ਕਿ ਟਿੱਪਰਾਂ ਨਾਲ ਮੁਸ਼ਕਲਾਂ ਆਉਂਦੀਆਂ ਹਨ, ਉਸ ਵੱਲ ਪ੍ਰਸ਼ਾਸ਼ਨ ਨੂੰ ਧਿਆਨ ਦੇਣਾ ਚਾਹੀਦਾ ਹੈ। | ਮਾਇਨਿੰਗ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਵਾਤਾਵਰਣ ਗਤੀਵਿਧੀਆਂ ਨੂੰ ਸਾਫ਼ ਸੁਥਰਾ ਰੱਖਣ ਵਾਸਤੇ ਇੱਕ ਰਾਖਵੀਂ ਰਕਮ ਵਾਤਾਵਰਣ ਦੀ ਸੰਭਾਲ ਕਰਨ ਲਈ ਰੱਖੀ ਗਈ ਹੈ, ਜੋ ਕਿ ਮਾਈਨਿੰਗ ਦੌਰਾਨ ਵਾਤਾਵਰਣ ਖਰਾਬ ਹੋਣ ਦੀਆਂ ਗਤੀਵਿਧੀਆਂ ਤੇ ਖਰਚ ਕੀਤੀ ਜਾਵੇਗੀ। |

ਇਸ ਤੋਂ ਬਾਅਦ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਹੁਸ਼ਿਆਰਪੁਰ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਅਤੇ ਇਤਰਾਜ ਪ੍ਰਗਟ ਕਰਨ ਚਾਹੰਦਾ ਹੋਵੇ ਤਾਂ ਲੈ ਸਕਦਾ/ਕਰ ਸਕਦਾ ਹੈ। ਪਰ ਕਿਸੇ ਨੇ ਵੀ ਜਾਣਕਾਰੀ ਨਹੀ ਮੰਗੀ ਅਤੇ ਨਾ ਹੀ ਕੋਈ ਇਤਰਾਜ਼ ਪ੍ਰਗਟ ਕੀਤਾ। ਇਸ ਤੋ ਪਿੱਛੋ ਉਹਨਾਂ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਪ੍ਰਸਤਾਵਿਤ ਪ੍ਰੋਜੈਕਟ ਦਾ ਸਮਰਥਨ ਕਰਦੇ ਹਨ, ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ 13 ਵਿਅਕਤੀਆਂ ਨੇ ਹੱਥ ਖੜਾ ਕੀਤੇ। ਇਸ ਤੋ ਬਾਅਦ ਉਹਨਾਂ ਕਿਹਾ ਗਿਆ ਕਿ ਜੋ ਵੀ ਇਸ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ 14 ਵਿਅਕਤੀ ਨੇ ਹੱਥ ਖੜੇ ਕੀਤੇ। ਇਸ ਜਨਤਕ ਸੁਣਵਾਈ ਵਿੱਚ 31 ਵਿਅਕਤੀਆਂ ਨੇ ਹਿੱਸਾ ਲਿਆ।

ਜਨਤਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

**(ਇੰਜ: ਜਤਿੰਦਰ ਕੁਮਾਰ)**
ਸਹਾਇਕ ਵਾਤਾਵਰਣ ਇੰਜੀਨੀਅਰ
ਪੀਪੀਸੀਬੀ, ਖੇਤਰੀ ਦਫਤਰ,
ਹੁਸ਼ਿਆਰਪੁਰ

**(ਇੰਜ: ਸ਼ਿਵ ਕੁਮਾਰ)**
ਵਧੀਕ ਸੀ. ਵਾਤਾ: ਇੰਜੀਨੀਅਰ
ਪੀਪੀਸੀਬੀ, ਖੇਤਰੀ ਦਫਤਰ,
ਹੁਸ਼ਿਆਰਪੁਰ

**ਡਾ. ਅਕਸ਼ਿਤਾ ਗੁਪਤਾ (ਆਈ.ਏ.ਐਸ)**
ਉਪ ਮੰਡਲ ਮੈਜਿਸਟਰੇਟ,
ਨਵਾਂਸ਼ਹਿਰ।